# ਹੈਵੀ-ਡਿਊਟੀ ਜਾਂਚ ਅਤੇ ਦੇਖਰੇਖ (HD I/M) ਅਧਿਨਿਯਮ: HD I/M ਟੈਸਟਰ ਦੀ ਸਿਖਲਾਈ ਅਤੇ ਇਮਤਿਹਾਨ

31 ਅਕਤੂਬਰ, 2022

## HD I/M ਟੈਸਟਰ ਕੌਣ ਹੁੰਦਾ ਹੈ?

ਇੱਕ HD I/M ਟੈਸਟਰ ਉਹ ਵਿਅਕਤੀ ਹੁੰਦਾ ਹੈ ਜਿਸਨੂੰ HD I/M ਅਧਿਨਿਯਮ (regulation) ਦੀਆਂ ਲੋੜਾਂ ਦੇ ਅਨੁਸਾਰ ਵਾਹਨ ਦੀ ਤਾਮੀਲ ਟੈਸਟਿੰਗ (compliance testing) ਕਰਨ ਅਤੇ ਟੈਸਟ ਦੇ ਨਤੀਜੇ ਕੈਲੀਫੋਰਨੀਆ ਏਅਰ ਰਿਸੋਰਸਜ਼ ਬੋਰਡ (CARB) ਨੂੰ ਸੌਂਪਣ ਲਈ ਅਧਿਕਾਰਿਤ ਕੀਤਾ ਜਾਂਦਾ ਹੈ।[1]

## ਮੈਂ HD I/M ਟੈਸਟਰ ਕਿਵੇਂ ਬਣਦਾ/ਦੀ ਹਾਂ?

HD I/M ਟੈਸਟਰ ਸ਼ਨਾਖਤ ਨੰਬਰ ਹਾਸਲ ਕਰਨ ਲਈ ਜੋ ਤੁਹਾਨੂੰ ਵਾਹਨਾਂ ਦੀ ਤਾਮੀਲ ਟੈਸਟਿੰਗ ਕਰਨ ਲਈ ਅਧਿਕਾਰਿਤ ਕਰਦਾ ਹੈ, ਤੁਹਾਡੇ ਵਾਸਤੇ CARB ਦੇ ਮੁਫ਼ਤ, ਔਨਲਾਈਨ HD I/M ਟੈਸਟਰ ਸਿਖਲਾਈ ਕੋਰਸ ਨੂੰ ਪੂਰਾ ਕਰਨਾ ਅਤੇ ਇਸ ਨਾਲ ਸੰਬੰਧਿਤ ਇਮਤਿਹਾਨ ਨੂੰ ਘੱਟੋ-ਘੱਟ 80 ਪ੍ਰਤੀਸ਼ਤ ਸਕੋਰ ਨਾਲ ਪਾਸ ਕਰਨਾ ਲਾਜ਼ਮੀ ਹੈ। ਇਹ ਕੋਰਸ ਲੋਕਾਂ ਨੂੰ ਹਿਦਾਇਤ ਦਿੰਦਾ ਹੈ ਕਿ ਵੱਖ-ਵੱਖ ਕਿਸਮਾਂ ਦੇ HD I/M ਤਾਮੀਲ ਟੈਸਟਾਂ ਨੂੰ ਕਿਵੇਂ ਕਰਨਾ ਹੈ ਅਤੇ ਇਹ ਹੇਠ ਲਿਖਿਆਂ ਬਾਰੇ ਜਾਣਕਾਰੀ ਦਿੰਦਾ ਹੈ:

- HD I/M ਅਧਿਨਿਯਮ ਦੀਆਂ ਮੁੱਢਲੀਆਂ ਲੋੜਾਂ;
- HD I/M ਪ੍ਰੋਗਰਾਮ ਵਿੱਚ ਔਨ-ਬੋਰਡ ਡਾਇਗਨੌਸਟਿਕ (OBD) ਡੇਟਾ ਦੀ ਵਰਤੋਂ ਅਤੇ ਇੱਕ OBD ਤਾਮੀਲ ਟੈਸਟ ਕਿਵੇਂ ਕਰਨਾ ਹੈ;
- ਬਿਨਾਂ OBD ਸਿਸਟਮਾਂ ਵਾਲੇ ਵਾਹਨਾਂ ਉੱਤੇ SAE J1667 ਧੂੰਏਂ ਦੀ ਅਪਾਰਦਰਸ਼ਤਾ (Smoke Opacity) ਵਾਲੇ ਤਾਮੀਲ ਟੈਸਟ ਨੂੰ ਕਿਵੇਂ ਕਰਨਾ ਹੈ; ਅਤੇ

[1] ਅੰਤਿਮ HD I/M ਅਧਿਨਿਯਮ, ਸੈਕਸ਼ਨ 2195 – 2199.1, ਸਿਰਲੇਖ 13, ਕੈਲੀਫੋਰਨੀਆ ਅਧਿਨਿਯਮ ਜ਼ਾਬਤਾ (California Code of Regulations) ਵਿੱਚ ਹੈ, ਅਤੇ ਇਹ ਏਥੇ ਉਪਲਬਧ ਹੈ: https://ww2.arb.ca.gov/sites/default/files/barcu/regact/2021/hdim2021/hd-imfroatta1.pdf.

- ਨਵੇਂ ਵਾਹਨਾਂ ਲਈ ਧੂੰ-ਨਿਕਾਸੀਆਂ (emissions) ਕੰਟਰੋਲ ਕਰਨ ਵਾਲੇ ਸਾਜ਼ੋ-ਸਮਾਨ ਦੀ ਜਾਂਚ ਕਿਵੇਂ ਕਰਨੀ ਹੈ, ਜੋ ਕਿ ਬਗੈਰ OBD ਸਿਸਟਮਾਂ ਵਾਲੇ ਵਾਹਨਾਂ ਉੱਤੇ ਤਾਮੀਲ ਟੈਸਟਿੰਗ ਦਾ ਹੀ ਇੱਕ ਹਿੱਸਾ ਹੈ।

## ਮੈਂ HD I/M ਟੈਸਟਰ ਸਿਖਲਾਈ ਕੋਰਸ ਤੱਕ ਪਹੁੰਚ ਕਿਵੇਂ ਕਰਾਂ?

ਕਿਰਪਾ ਕਰਕੇ CARB ਦੇ HD I/M ਵੈੱਬਪੰਨੇ ਨੂੰ ਏਥੇ ਦੇਖੋ: https://ww2.arb.ca.gov/our-work/programs/heavy-duty-inspection-and-maintenance-program. ਕੋਰਸ ਵਾਸਤੇ ਨਾਮ ਦਰਜ ਕਰਾਉਣ ਅਤੇ ਇਸਨੂੰ ਸ਼ੁਰੂ ਕਰਨ ਲਈ, ਖੱਬੇ ਪਾਸੇ ਦੀ ਬਾਰ ਵਿੱਚ, HD I/M ਟੈਸਟਰ ਸਿਖਲਾਈ ਅਤੇ ਇਮਤਿਹਾਨ ਬਟਨ ਉੱਤੇ ਕਲਿੱਕ ਕਰੋ।

## HD I/M ਟੈਸਟਰ ਦੁਆਰਾ ਕਿਹੜੇ ਵਾਹਨ ਤਾਮੀਲ ਟੈਸਟ ਲਾਜ਼ਮੀ ਤੌਰ ’ਤੇ ਕੀਤੇ ਜਾਣੇ ਚਾਹੀਦੇ ਹਨ?

ਸਾਰੇ HD I/M ਵਾਹਨ ਤਾਮੀਲ ਟੈਸਟ ਕਿਸੇ HD I/M ਟੈਸਟਰ ਦੁਆਰਾ ਕੀਤੇ ਜਾਣੇ ਲਾਜ਼ਮੀ ਹਨ, ਜਦੋਂ ਤੱਕ ਕਿ ਟੈਸਟਾਂ ਨੂੰ ਇੱਕ CARB-ਪ੍ਰਮਾਣਿਤ ਟੈਲੀਮੈਟਿਕਸ ਡੀਵਾਈਸ ਵੱਲੋਂ ਨਹੀਂ ਕੀਤਾ ਜਾਂਦਾ ਜਿਸਨੂੰ ਟੈਸਟ ਪੂਰੇ ਕਰਨ ਲਈ ਅਤੇ ਨਤੀਜੇ CARB ਨੂੰ ਸੌਂਪਣ ਲਈ ਮਨੁੱਖੀ ਦਖਲਅੰਦਾਜ਼ੀ ਦੀ ਲੋੜ ਨਹੀਂ ਪੈਂਦੀ।

## ਤਾਮੀਲ ਟੈਸਟ HD I/M ਟੈਸਟਰਾਂ ਵੱਲੋਂ ਪੂਰੇ ਕੀਤੇ ਜਾਣ ਦੀ ਲੋੜ ਕਦੋਂ ਲਾਗੂ ਹੋਵੇਗੀ?

1 ਜਨਵਰੀ, 2023 ਨੂੰ, ਜਦੋਂ HD I/M ਅਧਿਨਿਯਮ ਲਾਗੂ ਹੋ ਜਾਂਦਾ ਹੈ।

## CARB ਦਾ ਮੁਫ਼ਤ, ਔਨਲਾਈਨ HD I/M ਟੈਸਟਰ ਸਿਖਲਾਈ ਕੋਰਸ ਕੌਣ ਕਰ ਸਕਦਾ ਹੈ?

ਕੈਲੀਫੋਰਨੀਆ ਵਿੱਚ ਜਾਂ ਇਸ ਤੋਂ ਬਾਹਰ ਕੋਈ ਵੀ ਵਿਅਕਤੀ, ਜਿਸਨੂੰ ਵਾਹਨਾਂ ਦੀਆਂ ਧੂੰ-ਨਿਕਾਸੀਆਂ (emissions) ਦੀਆਂ ਕੰਟਰੋਲ ਪ੍ਰਣਾਲੀਆਂ ਅਤੇ ਹੈਵੀ-ਡਿਊਟੀ ਵਾਹਨ ਟੈਸਟਿੰਗ ਅਤੇ ਮੁਰੰਮਤ ਪ੍ਰਕਿਰਿਆਵਾਂ ਦੀ ਮੁੱਢਲੀ ਉਦਯੋਗਿਕ ਜਾਣਕਾਰੀ ਹੈ, ਉਹ HD I/M ਟੈਸਟਰ ਬਣਨ ਲਈ ਇਸ ਕੋਰਸ ਨੂੰ ਕਰ ਸਕਦਾ ਹੈ ਅਤੇ ਟੈਸਟ ਦੇ ਸਕਦਾ ਹੈ।

## HD I/M ਟੈਸਟਰ ਕਿੱਥੇ ਕੰਮ ਕਰਦੇ ਹਨ?

HD I/M ਉਹ ਲੋਕ ਹੋ ਸਕਦੇ ਹਨ ਜੋ ਆਪਣੇ ਖੁਦ ਦੇ ਹੈਵੀ-ਡਿਊਟੀ ਵਾਹਨਾਂ ਨੂੰ ਟੈਸਟ ਕਰਨਾ ਚਾਹੁੰਦੇ ਹਨ, ਜੋ ਕਿਸੇ ਫਲੀਟ ਵਿੱਚ ਨੌਕਰੀ ਕਰਦੇ ਹਨ ਅਤੇ ਫਲੀਟ ਦੇ ਵਾਹਨਾਂ ਦੀ ਟੈਸਟਿੰਗ ਕਰਨ ਲਈ ਜ਼ਿੰਮੇਵਾਰ ਹਨ, ਜਾਂ ਉਹ ਲੋਕ ਜੋ ਜਾਂ ਤਾਂ ਇੱਕ ਸੁਤੰਤਰ ਕਾਰੋਬਾਰ ਮਾਲਕ ਵਜੋਂ ਜਾਂ ਕਿਸੇ ਹੈਵੀ-ਡਿਊਟੀ ਵਾਹਨ ਸਰਵਿਸ ਸੁਵਿਧਾ ਦੇ ਕਰਮਚਾਰੀ ਵਜੋਂ ਭਾੜੇ 'ਤੇ ਸੇਵਾਵਾਂ ਦੀ ਪੇਸ਼ਕਸ਼ ਕਰਨਗੇ (ਤੀਜੀ-ਧਿਰ ਦੇ ਟੈਸਟਰ)।

## ਸਿਖਲਾਈ ਕੋਰਸ ਨੂੰ ਪੂਰਾ ਕਰਨ ਲਈ ਕਿੰਨਾ ਸਮਾਂ ਲਗਦਾ ਹੈ?

ਸਮੁੱਚੇ ਕੋਰਸ ਵਿੱਚ ਸ਼ਾਮਲ 6 ਸਿਖਲਾਈ ਮਾਡਿਊਲਾਂ ਨੂੰ ਦੇਖਣ ਲਈ ਲਗਭਗ 1 ਘੰਟਾ ਅਤੇ 45 ਮਿੰਟ ਦਾ ਸਮਾਂ ਲਗਦਾ ਹੈ। ਸਿਖਲਾਈ ਮਾਡਿਊਲਾਂ ਦੇ ਬਾਅਦ 20 ਸਵਾਲਾਂ ਦਾ ਬਹੁ-ਵਿਕਲਪੀ (multiple choice) ਇਮਤਿਹਾਨ ਹੁੰਦਾ ਹੈ।

## ਜੇ ਮੈਂ ਸਿਖਲਾਈ ਮਾਡਿਊਲ ਦੇਖਣਾ ਚਾਹੁੰਦਾ/ਦੀ ਹਾਂ ਪਰ ਇਮਤਿਹਾਨ ਨਹੀਂ ਦੇਣਾ ਚਾਹੁੰਦਾ/ਦੀ ਜਾਂ ਮੈਂ ਇਮਤਿਹਾਨ ਦੇਣ ਤੋਂ ਬਾਅਦ ਮਾਡਿਊਲਾਂ ਦੀ ਸਮੀਖਿਆ ਕਰਨਾ ਚਾਹੁੰਦਾ/ਦੀ ਹਾਂ ਤਾਂ ਕੀ?

ਅੱਗੇ ਦਿੱਤੇ ਲਿੰਕ 'ਤੇ, ਬਿਨਾਂ ਇਮਤਿਹਾਨ ਦੇਣ ਦੇ ਅਤੇ ਸਮੀਖਿਆ ਦੇ ਮਕਸਦਾਂ ਵਾਸਤੇ ਕਿਸੇ ਵੀ ਸਮੇਂ ਸਿਖਲਾਈ ਮਾਡਿਊਲਾਂ ਨੂੰ ਦੇਖਣ ਲਈ ਤੁਹਾਡਾ ਸਵਾਗਤ ਹੈ:

https://ww2.arb.ca.gov/sites/default/files/truckstop/azregs/training.html. ਸਕ੍ਰੋਲ ਕਰਕੇ ਵੈੱਬਪੰਨੇ 'ਤੇ ਹੇਠਾਂ ਵੱਲ ਜਾਓ ਅਤੇ "ਮਦਦਗਾਰੀ ਵੀਡੀਓ" ਸੈਕਸ਼ਨ ਵਿੱਚ ਦੇਖੋ। ਬੱਸ ਏਨਾ ਯਾਦ ਰੱਖੋ ਕਿ ਤੁਸੀਂ ਇਮਤਿਹਾਨ ਦੇਕੇ ਅਤੇ ਪਾਸ ਕਰਕੇ ਹੀ ਵਾਹਨਾਂ ਦੇ ਤਾਮੀਲ ਟੈਸਟ ਕਰਨ ਲਈ ਅਧਿਕਾਰਿਤ HD I/M ਟੈਸਟਰ ਬਣ ਸਕਦੇ ਹੋ।

## ਮੈਂ ਆਪਣੇ HD I/M ਟੈਸਟਰ ਸ਼ਨਾਖਤ ਨੰਬਰ ਨੂੰ ਕਿੱਥੇ ਲੱਭ ਸਕਦਾ/ਦੀ ਹਾਂ ਅਤੇ ਇਹ ਕਿਸ ਤਰ੍ਹਾਂ ਦਿਖਾਈ ਦਿੰਦਾ ਹੈ?

ਇਹ HD I/M ਟੈਸਟਰ ਦੀ ਸਿਖਲਾਈ ਲੈਣ ਅਤੇ ਇਮਤਿਹਾਨ ਪਾਸ ਕਰਨ ਤੋਂ ਬਾਅਦ ਜਾਰੀ ਕੀਤੇ ਜਾਂਦੇ 'ਪੂਰਤੀ ਸਰਟੀਫਿਕੇਟ' (Certificate of Completion) ਦੇ ਹੇਠਲੇ ਖੱਬੇ ਕੋਨੇ ਵਿੱਚ ਹੁੰਦਾ ਹੈ।

ਤੁਹਾਡੇ HD I/M ਟੈਸਟਰ ਸ਼ਨਾਖਤ ਨੰਬਰ ਵਿੱਚ ਅੱਠ ਅੱਖਰ-ਚਿੰਨ੍ਹ ਹੋਣਗੇ ਅਤੇ ਇਹ ਅੰਗਰੇਜ਼ੀ ਦੇ ਦੋ ਵੱਡੇ ਅੱਖਰਾਂ ਤੋਂ ਸ਼ੁਰੂ ਹੋਵੇਗਾ ਜਿਸ ਦੇ ਬਾਅਦ ਛੇ ਅੰਕ ਹੋਣਗੇ।

HD I/M ਟੈਸਟਰ ਸਿਖਲਾਈ ਸਿਸਟਮ ਤੁਹਾਡੇ ਵੱਲੋਂ ਇਮਤਿਹਾਨ ਪਾਸ ਕਰਨ ਦੇ ਬਾਅਦ ਪੂਰਤੀ ਸਰਟੀਫਿਕੇਟ ਨੂੰ ਤੁਰੰਤ ਡਾਊਨਲੋਡ ਅਤੇ ਪ੍ਰਿੰਟ ਕਰਨ ਲਈ ਇਸਦਾ ਇੱਕ ਇਲੈਕਟ੍ਰਾਨਿਕ ਸੰਸਕਰਣ ਪ੍ਰਦਾਨ ਕਰਾਵੇਗਾ। ਇਸਨੂੰ ਆਪਣੇ ਰਿਕਾਰਡਾਂ ਵਾਸਤੇ ਸਾਂਭਕੇ ਰੱਖੋ।

## ਕੀ ਮੇਰੇ HD I/M ਟੈਸਟਰ ਸ਼ਨਾਖਤ ਨੰਬਰ ਦੀ ਮਿਆਦ ਕਦੇ ਸਮਾਪਤ ਵੀ ਹੁੰਦੀ ਹੈ? ਮੈਂ ਇਸਨੂੰ ਕਿਵੇਂ ਰੀਨਿਊ ਕਰਾਂ?

ਤੁਹਾਡਾ ਵਿਲੱਖਣ HD I/M ਟੈਸਟਰ ਸ਼ਨਾਖਤ ਨੰਬਰ ਤੁਹਾਡੇ ਵੱਲੋਂ ਇਮਤਿਹਾਨ ਪਾਸ ਕਰਨ ਦੀ ਤਾਰੀਖ਼ ਤੋਂ ਲੈਕੇ ਦੋ ਸਾਲਾਂ ਤੱਕ ਵੈਧ ਰਹਿੰਦਾ ਹੈ। ਤੁਹਾਡੇ ਪੂਰਤੀ ਸਰਟੀਫਿਕੇਟ ਵਿੱਚ ਤੁਹਾਡੀ ਟੈਸਟ ਆਈ.ਡੀ. ਦੀ ਮਿਆਦ ਪੁੱਗਣ ਦੀ ਮਿਤੀ ਲਿਖੀ ਹੁੰਦੀ ਹੈ। ਤੁਹਾਡੇ HD I/M ਟੈਸਟਰ ਸ਼ਨਾਖਤ ਨੰਬਰ ਨੂੰ ਨਵਿਆਉਣ ਲਈ, ਤੁਹਾਨੂੰ ਲਾਜ਼ਮੀ ਤੌਰ 'ਤੇ ਦੁਬਾਰਾ HD I/M ਟੈਸਟਰ ਸਿਖਲਾਈ ਕੋਰਸ ਕਰਨਾ ਚਾਹੀਦਾ ਹੈ ਅਤੇ ਇਮਤਿਹਾਨ ਪਾਸ ਕਰਨਾ ਚਾਹੀਦਾ ਹੈ।

## ਕੀ ਮੈਂ ਆਪਣਾ HD I/M ਟੈਸਟਰ ਸ਼ਨਾਖਤ ਨੰਬਰ ਆਪਣੇ ਉਹਨਾਂ ਸਹਿ-ਕਰਮਚਾਰੀਆਂ ਨਾਲ ਸਾਂਝਾ ਕਰ ਸਕਦਾ/ਦੀ ਹਾਂ ਜੋ ਖੁਦ ਵੀ HD I/M ਤਾਮੀਲ ਟੈਸਟਿੰਗ ਕਰਨੀ ਚਾਹੁੰਦੇ ਹਨ?

ਨਹੀਂ। ਤੁਹਾਡਾ ਸ਼ਨਾਖਤ ਨੰਬਰ ਤੁਹਾਡੇ ਲਈ ਵਿਲੱਖਣ ਹੈ ਅਤੇ ਹਰੇਕ ਟੈਸਟਰ ਵਾਸਤੇ ਆਪਣਾ ਖੁਦ ਦਾ ਸ਼ਨਾਖਤ ਨੰਬਰ ਹਾਸਲ ਕਰਨ ਲਈ ਸਿਖਲਾਈ ਲੈਣਾ ਅਤੇ ਇਮਤਿਹਾਨ ਪਾਸ ਕਰਨਾ ਲਾਜ਼ਮੀ ਹੈ।

## HD I/M ਤਾਮੀਲ ਟੈਸਟਾਂ ਨੂੰ ਕਰਨ ਲਈ ਮੈਨੂੰ ਕਿਹੜੇ ਟੈਸਟਿੰਗ ਸਾਜ਼ੋ-ਸਮਾਨ ਦੀ ਲੋੜ ਹੁੰਦੀ ਹੈ?

ਧੂੰਏਂ ਦੀ ਅਪਾਰਦਰਸ਼ਤਾ (smoke opacity) ਟੈਸਟਿੰਗ ਕਰਨ ਲਈ, ਤੁਹਾਨੂੰ ਇੱਕ SAE J1667-ਅਨੁਰੂਪ ਧੂੰਆਂ ਮੀਟਰ (smoke meter) ਦੀ ਲੋੜ ਪਵੇਗੀ। SAE J1667-ਦੇ ਅਨੁਰੂਪ ਧੂੰਆਂ ਮੀਟਰ ਵੇਚਣ ਵਾਲੇ ਨਿਰਮਾਤਾਵਾਂ ਦੀ ਇੱਕ ਸੂਚੀ ਅਤੇ ਉਹਨਾਂ ਦੀ ਸੰਪਰਕ ਜਾਣਕਾਰੀ CARB ਦੇ HD I/M ਪ੍ਰੋਗਰਾਮ ਦੇ ਵੈੱਬਪੰਨੇ 'ਤੇ ਏਥੇ ਉਪਲਬਧ ਹੈ: https://ww2.arb.ca.gov/our-work/programs/heavy-duty-inspection-and-maintenance-program.

ਵਾਹਨਾਂ ਲਈ ਧੂੰ-ਨਿਕਾਸੀਆਂ ਕੰਟਰੋਲ ਕਰਨ ਵਾਲੇ ਸਾਜ਼ੋ-ਸਮਾਨ ਦੀ ਜਾਂਚ (Vehicle Emissions Control Equipment Inspection) ਕਰਨ ਲਈ, ਤੁਹਾਨੂੰ ਇੰਜਨ ਅਤੇ ਵਾਹਨ ਦੇ ਤਕਨੀਕੀ ਵਿਵਰਣਾਂ ਦੇ ਭਰੋਸੇਯੋਗ ਸਰੋਤਾਂ ਤੱਕ ਪਹੁੰਚ ਦੀ ਲੋੜ ਪਵੇਗੀ, ਜਿਵੇਂ ਕਿ ਸਰਵਿਸ ਅਤੇ ਮੁਰੰਮਤ ਦੇ ਮੈਨੂਅਲ। ਨਤੀਜੇ ਭਰਨ ਅਤੇ ਇਹਨਾਂ ਨੂੰ CARB ਨੂੰ ਸੌਂਪਣ ਲਈ ਮਿਆਰੀ ਫਾਰਮ ਏਥੇ ਉਪਲਬਧ ਹੈ: https://ww2.arb.ca.gov/our-work/programs/heavy-duty-inspection-and-maintenance-program.

OBD ਤਾਮੀਲ ਟੈਸਟ ਕਰਨ ਲਈ, HD I/M ਵਾਸਤੇ CARB-ਪ੍ਰਮਾਣਿਤ OBD ਟੈਸਟ ਡੀਵਾਈਸ ਦੀ ਵਰਤੋਂ ਕਰਨਾ ਲਾਜ਼ਮੀ ਹੈ। CARB-ਪ੍ਰਮਾਣਿਤ OBD ਟੈਸਟ ਡੀਵਾਈਸਾਂ ਦੇ ਨਿਰਮਾਤਾਵਾਂ ਦੀ ਇੱਕ ਸੂਚੀ CARB ਦੀ ਵੈੱਬਸਾਈਟ 'ਤੇ ਏਥੇ ਉਪਲਬਧ ਹੈ: https://ww2.arb.ca.gov/our-work/programs/heavy-duty-inspection-and-maintenance-program. ਜਦ ਪ੍ਰੋਗਰਾਮ ਵਿੱਚ ਵਰਤੇ ਜਾਣ ਲਈ ਡੀਵਾਈਸਾਂ ਮਨਜ਼ੂਰਸ਼ੁਦਾ ਹੋ ਜਾਂਦੀਆਂ ਹਨ ਤਾਂ CARB ਦੇ ਵੈੱਬਪੰਨੇ ਨੂੰ ਲਗਾਤਾਰ ਅੱਪਡੇਟ ਕੀਤੇ ਜਾਣਾ ਜਾਰੀ ਰਹੇਗਾ।

## ਜੇ ਮੇਰੇ ਕੋਲ ਪਹਿਲਾਂ ਤੋਂ ਹੀ ਧੂੰਆਂ ਮੀਟਰ ਜਾਂ ਕੋਈ OBD ਸਕੈਨ ਟੂਲ ਹੈ ਤਾਂ ਕੀ ਹੁੰਦਾ ਹੈ – ਕੀ ਮੈਂ ਉਹਨਾਂ ਦੀ ਵਰਤੋਂ ਕਰ ਸਕਦਾ/ਦੀ ਹਾਂ?

ਜੇ ਤੁਹਾਡੇ ਕੋਲ ਪਹਿਲਾਂ ਤੋਂ ਹੀ SAE J1667-ਅਨੁਰੂਪ ਧੂੰਆਂ ਮੀਟਰ ਹੈ, ਤਾਂ ਤੁਸੀਂ ਬਿਨਾਂ OBD ਸਿਸਟਮਾਂ ਵਾਲੇ ਵਾਹਨਾਂ ਉੱਤੇ HD I/M ਤਾਮੀਲ ਟੈਸਟਿੰਗ ਵਾਸਤੇ ਉਹਨਾਂ ਦੀ ਵਰਤੋਂ ਕਰਨਾ ਜਾਰੀ ਰੱਖ ਸਕਦੇ ਹੋ।

ਹਾਲਾਂਕਿ ਬਾਜ਼ਾਰ ਵਿੱਚ ਪਹਿਲਾਂ ਤੋਂ ਹੀ OBD ਸਕੈਨ ਟੂਲ ਮੌਜੂਦ ਹਨ, ਪਰ ਤੁਸੀਂ ਕੇਵਲ ਉਸੇ ਦੀ ਵਰਤੋਂ ਕਰ ਸਕਦੇ ਹੋ ਜਿਸਨੂੰ CARB ਦੁਆਰਾ HD I/M ਪ੍ਰੋਗਰਾਮ ਵਿੱਚ ਵਰਤੋਂ ਲਈ ਪ੍ਰਮਾਣਿਤ ਕੀਤਾ ਗਿਆ ਹੈ ਅਤੇ ਜੋ CARB ਦੀ OBD ਟੈਸਟ ਡੀਵਾਈਸਾਂ ਦੀ ਸੂਚੀ 'ਤੇ ਹੈ। CARB ਵੱਲੋਂ ਪ੍ਰਮਾਣਿਤ ਨਾ ਕੀਤੀ ਗਈ ਕਿਸੇ OBD ਟੈਸਟ ਡੀਵਾਈਸ ਦੀ ਵਰਤੋਂ ਕਰਨ ਦਾ ਨਤੀਜਾ ਉਸ ਵਾਹਨ ਉੱਤੇ ਅਸਫਲ ਟੈਸਟ ਦੇ ਰੂਪ ਵਿੱਚ ਨਿਕਲੇਗਾ ਜਿਸ ਉੱਤੇ ਇਹ ਵਰਤੀ ਜਾਂਦੀ ਹੈ।

## ਮੇਰੇ ਕੋਲ ਕੈਲੀਫੋਰਨੀਆ ਕੌਂਸਲ ਔਨ ਡੀਜ਼ਲ ਐਜੂਕੇਸ਼ਨ ਐਂਡ ਟੈਕਨੋਲੋਜੀ (CCDET) ਤੋਂ ਵੈਧ ਸਮੋਕ ਟੈਸਟਰ (Smoke Tester) ਪ੍ਰਮਾਣਿਕਤਾ ਹੈ। ਕੀ ਮੇਰੇ ਵਾਸਤੇ ਫੇਰ ਵੀ CARB ਦੇ HD I/M ਟੈਸਟਰ ਸਿਖਲਾਈ ਕੋਰਸ ਨੂੰ ਕਰਨਾ ਜ਼ਰੂਰੀ ਹੈ?

ਹਾਂ। ਜਨਵਰੀ 2023 ਤੋਂ ਸ਼ੁਰੂ ਕਰਕੇ HD I/M ਤਾਮੀਲ ਟੈਸਟਿੰਗ ਕਰਨ ਲਈ, ਤੁਹਾਡੇ ਵਾਸਤੇ HD I/M ਟੈਸਟਰ ਸਿਖਲਾਈ ਲੈਣਾ ਅਤੇ ਇਮਤਿਹਾਨ ਪਾਸ ਕਰਨਾ ਲਾਜ਼ਮੀ ਹੈ। ਮਿਆਦੀ ਧੂੰਆਂ ਜਾਂਚ ਪ੍ਰੋਗਰਾਮ (Periodic Smoke Inspection Program - PSIP) ਵਾਸਤੇ CCDET ਰਾਹੀਂ ਹਾਸਲ ਕੀਤੇ ਸਮੋਕ ਟੈਸਟਰ ਸ਼ਨਾਖਤ ਨੰਬਰ HD I/M ਪ੍ਰੋਗਰਾਮ ਦੇ ਅੰਦਰ ਵਾਹਨ ਤਾਮੀਲ ਟੈਸਟ ਕਰਨ ਲਈ ਵੈਧ ਨਹੀਂ ਹਨ।

## ਜੇ ਮੇਰੇ ਕੋਲ ਕੋਈ HD I/M ਟੈਸਟਰ ਸ਼ਨਾਖਤ ਨੰਬਰ ਹੈ, ਤਾਂ ਕੀ ਇਹ ਮੈਨੂੰ PSIP ਤਾਮੀਲ ਵਾਸਤੇ ਧੂੰਏਂ ਦੀ ਟੈਸਟਿੰਗ ਕਰਨ ਲਈ ਵੀ ਅਧਿਕਾਰਿਤ ਕਰਦਾ ਹੈ?

ਹਾਂ, ਤੀਜੀ-ਧਿਰ ਦੇ ਟੈਸਟਰਾਂ ਵਾਸਤੇ ਇੱਕ ਪ੍ਰਤੀਵਾਦ ਦੇ ਨਾਲ ਜਿਸਦਾ ਵਰਣਨ ਹੇਠਾਂ ਕੀਤਾ ਗਿਆ ਹੈ।

- ਆਪਣੇ ਖੁਦ ਦੇ ਵਾਹਨਾਂ ਉੱਤੇ ਜਾਂ ਕਿਸੇ ਅਜਿਹੇ ਕਾਰੋਬਾਰ ਦੀ ਮਲਕੀਅਤ ਵਾਲੇ ਵਾਹਨਾਂ ਉੱਤੇ, ਜਿਸ ਵਿੱਚ ਉਹ ਨੌਕਰੀ ਕਰ ਰਹੇ ਹਨ, PSIP ਟੈਸਟਿੰਗ ਕਰ ਰਹੇ ਵਿਅਕਤੀ-ਵਿਸ਼ੇਸ਼ ਤੁਰੰਤ ਆਪਣੇ HD I/M ਟੈਸਟਰ ਸ਼ਨਾਖਤ ਨੰਬਰ ਦੀ ਵਰਤੋਂ ਕਰਨੀ ਸ਼ੁਰੂ ਕਰ ਸਕਦੇ ਹਨ।

- ਭਾੜੇ ਉੱਤੇ PSIP ਟੈਸਟਿੰਗ ਕਰਨ ਵਾਲੇ ਤੀਜੀ-ਧਿਰ ਦੇ ਟੈਸਟਰਾਂ ਵਾਸਤੇ ਲਾਜ਼ਮੀ ਹੈ ਕਿ ਉਹ ਅਜੇ ਵੀ 31, ਦਸੰਬਰ 2022 ਤੱਕ PSIP ਸਮੋਕ ਟੈਸਟਰ ਆਈ.ਡੀ. ਦੀ ਵਰਤੋਂ ਕਰਨ ਜੋ ਇੱਕ CCDET ਟ੍ਰੇਨਿੰਗ ਕਲਾਸ ਰਾਹੀਂ ਜਾਰੀ ਕੀਤੀ ਗਈ ਹੋਵੇ। ਜਨਵਰੀ 2023 ਤੋਂ ਸ਼ੁਰੂ ਕਰਕੇ, ਇੱਕ HD I/M ਟੈਸਟਰ ਸ਼ਨਾਖਤ ਨੰਬਰ ਹੀ ਕਾਫੀ ਹੋਵੇਗਾ।

## ਮੇਰੇ ਵਾਹਨਾਂ ਵਾਸਤੇ HD I/M ਤਾਮੀਲ ਟੈਸਟਿੰਗ ਕਰਨ ਲਈ ਮੇਰੇ ਇਲਾਕੇ ਵਿੱਚ ਭਾੜੇ ’ਤੇ ਸੇਵਾਵਾਂ ਦੇਣ ਵਾਲੇ HD I/M ਟੈਸਟਰਾਂ ਨੂੰ ਮੈਂ ਕਿਵੇਂ ਅਤੇ ਕਦੋਂ ਲੱਭਣ ਦੇ ਯੋਗ ਹੋਵਾਂਗਾ/ਗੀ?

CARB ਭਾੜੇ ’ਤੇ ਸੇਵਾਵਾਂ ਦੀ ਪੇਸ਼ਕਸ਼ ਕਰਨ ਵਾਲੇ HD I/M ਟੈਸਟਰਾਂ ਦੀ ਇੱਕ ਸੂਚੀ ਅਤੇ ਉਹਨਾਂ ਦੀ ਸੰਪਰਕ ਜਾਣਕਾਰੀ, ਜਿਸ ਵਿੱਚ ਉਹਨਾਂ ਦਾ ਟਿਕਾਣਾ ਵੀ ਸ਼ਾਮਲ ਹੈ, CARB ਦੇ HD I/M ਵੈੱਬਪੰਨੇ ’ਤੇ ਏਥੇ ਪੋਸਟ ਕਰੇਗਾ: https://ww2.arb.ca.gov/our-work/programs/heavy-duty-inspection-and-maintenance-program.

ਇਹ ਸੂਚੀ ਪਹਿਲਾਂ 2022 ਦੇ ਅੰਤ ਦੇ ਨੇੜੇ ਉਪਲਬਧ ਹੋਵੇਗੀ ਅਤੇ ਇਸਨੂੰ ਸਮੇਂ-ਸਮੇਂ ’ਤੇ ਅੱਪਡੇਟ ਕੀਤਾ ਜਾਵੇਗਾ।

ਇਸ ਸੂਚੀ ਵਿੱਚ ਸ਼ਾਮਲ ਕਰਨਾ CARB ਦੁਆਰਾ ਪਿੱਠਅੰਕਣ ਨਹੀਂ ਹੈ ਸਗੋਂ ਇਹ ਸਿਰਫ਼ HD I/M ਟੈਸਟਰਾਂ ਵਾਸਤੇ ਅਤੇ ਉਹਨਾਂ ਦੀਆਂ ਸੇਵਾਵਾਂ ਲੋੜਦੇ ਹੋ ਸਕਦੇ ਵਾਹਨ ਮਾਲਕਾਂ ਵਾਸਤੇ ਇੱਕ ਮਿਹਰਬਾਨੀ ਹੈ।

## ਮੈਂ HD I/M ਟੈਸਟਰਾਂ ਦੀ ਜਨਤਕ ਸੂਚੀ ’ਤੇ ਕਿਉਂ ਨਹੀਂ ਹਾਂ?

ਜੇ ਤੁਸੀਂ ਭਾੜੇ ’ਤੇ ਟੈਸਟਿੰਗ ਸੇਵਾਵਾਂ ਦੀ ਪੇਸ਼ਕਸ਼ ਕਰਨ ਵਾਲੇ HD I/M ਟੈਸਟਰਾਂ ਦੀ ਜਨਤਕ ਸੂਚੀ ’ਤੇ ਹੋਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੀ ਸੰਪਰਕ ਜਾਣਕਾਰੀ (ਨਾਮ, ਕਾਰੋਬਾਰ ਦਾ ਨਾਮ, ਈਮੇਲ, ਫ਼ੋਨ ਨੰਬਰ) ਅਤੇ ਆਪਣੀ HD I/M ਟੈਸਟਰ ਸਿਖਲਾਈ ਦੇ ਪੂਰਤੀ ਸਰਟੀਫਿਕੇਟ ਅਤੇ ਸੂਚੀ ਵਿੱਚ ਸ਼ਾਮਲ ਕੀਤੇ ਜਾਣ ਦੀ ਬੇਨਤੀ ਦੇ ਨਾਲ hdim@arb.ca.gov ਨੂੰ ਇੱਕ ਈਮੇਲ ਭੇਜੋ। ਅਸੀਂ ਸਮੇਂ-ਸਮੇਂ ’ਤੇ ਸੂਚੀ ਨੂੰ ਅੱਪਡੇਟ ਕਰਦੇ ਰਹਾਂਗੇ ਅਤੇ ਤੁਹਾਡੀ ਸੰਪਰਕ ਜਾਣਕਾਰੀ ਅਗਲੇ ਅੱਪਡੇਟ ’ਤੇ ਨਜ਼ਰ ਆਵੇਗੀ।

## HD I/M ਟੈਸਟਰਾਂ ਦੀ ਜਨਤਕ ਸੂਚੀ ’ਤੇ ਮੇਰੀ ਜਾਣਕਾਰੀ ਗਲਤ ਹੈ। ਮੈਂ ਇਸਨੂੰ ਅੱਪਡੇਟ ਕਿਵੇਂ ਕਰਵਾਵਾਂ?

ਕਿਰਪਾ ਕਰਕੇ ਉਸ ਜਾਣਕਾਰੀ ਦੇ ਨਾਲ hdim@arb.ca.gov ਨੂੰ ਇੱਕ ਈਮੇਲ ਭੇਜੋ **ਜੋ ਵਰਤਮਾਨ ਸਮੇਂ ਸੂਚੀ ’ਤੇ ਨਜ਼ਰ ਆਉਂਦੀ ਹੈ**, ਅਤੇ ਨਾਲ ਹੀ ਆਪਣਾ HD I/M ਟੈਸਟਰ ਸ਼ਨਾਖਤ ਨੰਬਰ, ਅਤੇ ਉਹ ਜਾਣਕਾਰੀ ਵੀ ਦਿਓ ਜੋ ਤੁਸੀਂ ਠੀਕ ਕਰਨ ਦੀ ਬੇਨਤੀ ਕਰ ਰਹੇ ਹੋ। ਅਸੀਂ ਸਮੇਂ-ਸਮੇਂ ’ਤੇ ਸੂਚੀ ਨੂੰ ਅੱਪਡੇਟ ਕਰਦੇ ਰਹਾਂਗੇ ਅਤੇ ਤੁਹਾਡੀ ਸੋਧ ਕੀਤੀ ਸੰਪਰਕ ਜਾਣਕਾਰੀ ਅਗਲੇ ਅੱਪਡੇਟ ’ਤੇ ਨਜ਼ਰ ਆਵੇਗੀ।

## ਮੈਂ ਜਨਤਕ HD I/M ਟੈਸਟਰ ਸੂਚੀ 'ਤੇ ਹਾਂ ਪਰ ਮੈਂ ਆਪਣਾ ਨਾਮ ਹਟਵਾਉਣਾ ਚਾਹੁੰਦਾ/ਦੀ ਹਾਂ। ਮੈਂ ਕੀ ਕਰਾਂ?

ਕਿਰਪਾ ਕਰਕੇ ਆਪਣੀ ਸੰਪਰਕ ਜਾਣਕਾਰੀ ਅਤੇ ਆਪਣੇ HD I/M ਟੈਸਟਰ ਸ਼ਨਾਖਤ ਨੰਬਰ ਦੇ ਨਾਲ hdim@arb.ca.gov ਨੂੰ ਇੱਕ ਈਮੇਲ ਭੇਜੋ, ਅਤੇ ਸੂਚੀ ਤੋਂ ਹਟਾਉਣ ਦੀ ਬੇਨਤੀ ਕਰੋ। ਅਸੀਂ ਸਮੇਂ-ਸਮੇਂ 'ਤੇ ਸੂਚੀ ਨੂੰ ਅੱਪਡੇਟ ਕਰਦੇ ਰਹਾਂਗੇ ਅਤੇ ਤੁਹਾਡੀ ਸੰਪਰਕ ਜਾਣਕਾਰੀ ਅਗਲੇ ਅੱਪਡੇਟ 'ਤੇ ਹਟਾ ਦਿੱਤੀ ਜਾਵੇਗੀ।

## HD I/M ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਮੈਂ ਕਿੱਥੋਂ ਪ੍ਰਾਪਤ ਕਰ ਸਕਦਾ/ਦੀ ਹਾਂ?

ਵਧੇਰੇ ਜਾਣਕਾਰੀ ਲਈ, ਇਸ ਵੈੱਬਸਾਈਟ ਨੂੰ ਦੇਖੋ:
https://ww2.arb.ca.gov/sites/default/files/truckstop/hdim/hdim.html ਜਾਂ
https://ww2.arb.ca.gov/our-work/programs/heavy-duty-inspection-and-maintenance-program.

ਤੁਸੀਂ HD I/M ਟੈਸਟਰ ਸਿਖਲਾਈ ਕੋਰਸ ਵਾਸਤੇ ਵਿਕਸਿਤ ਕੀਤੇ CARB ਦੇ ਸਿਖਲਾਈ ਮਾਡਿਊਲਾਂ ਨੂੰ ਏਥੇ ਵੀ ਦੇਖ ਸਕਦੇ ਹੋ: https://ww2.arb.ca.gov/sites/default/files/truckstop/azregs/training.html. ਉਹਨਾਂ ਨੂੰ ਦੇਖਣ ਲਈ ਸਕ੍ਰੋਲ ਕਰਕੇ "Helpful Videos" (ਮਦਦਗਾਰੀ ਵੀਡੀਓ) ਸੈਕਸ਼ਨ 'ਤੇ ਜਾਓ। ਇਹ ਮਾਡਿਊਲ HD I/M ਅਧਿਨਿਯਮ ਅਤੇ ਟੈਸਟਿੰਗ ਪ੍ਰਕਿਰਿਆਵਾਂ ਦੀਆਂ ਲੋੜਾਂ ਬਾਰੇ ਵਧੇਰੇ ਡੂੰਘੀ ਜਾਣਕਾਰੀ ਪ੍ਰਦਾਨ ਕਰਦੇ ਹਨ।

## ਮੈਂ HD I/M ਪ੍ਰੋਗਰਾਮ ਦੀਆਂ ਕਿਰਿਆਵਾਂ ਬਾਰੇ ਤਾਜ਼ਾ ਜਾਣਕਾਰੀ ਕਿਵੇਂ ਪ੍ਰਾਪਤ ਕਰ ਸਕਦਾ/ਦੀ ਹਾਂ?

HD I/M ਪ੍ਰੋਗਰਾਮ ਦੀਆਂ ਕਿਰਿਆਵਾਂ, ਜਿਵੇਂ ਕਿ HD I/M ਪ੍ਰੋਗਰਾਮ ਵਿੱਚ ਵਰਤੋਂ ਵਾਸਤੇ ਵਾਧੂ CARB-ਪ੍ਰਮਾਣਿਤ OBD ਟੈਸਟ ਡੀਵਾਈਸਾਂ ਕਦੋਂ ਉਪਲਬਧ ਹੁੰਦੀਆਂ ਹਨ, ਬਾਰੇ ਆਟੋਮੈਟਿਕ ਈਮੇਲ ਅੱਪਡੇਟ ਪ੍ਰਾਪਤ ਕਰਨ ਲਈ ਕੈਲੀਫੋਰਨੀਆ ਏਅਰ ਰਿਸੌਰਸਜ਼ ਬੋਰਡ (govdelivery.com) ਵਿਖੇ GovDelivery ਸੂਚੀ 'ਤੇ ਸਾਈਨ ਅੱਪ ਕਰੋ।

## ਅੰਤਿਮ HD I/M ਅਧਿਨਿਯਮ ਦੀ ਲਿਖਤ ਮੈਨੂੰ ਕਿੱਥੇ ਮਿਲ ਸਕਦੀ ਹੈ?

HD I/M ਅਧਿਨਿਯਮ, ਜਿਸਨੂੰ ਅੰਤਿਮ ਅਧਿਨਿਯਮ ਆਦੇਸ਼ ਕਿਹਾ ਜਾਂਦਾ ਹੈ, ਸਿਰਲੇਖ 13, ਕੈਲੀਫੋਰਨੀਆ ਅਧਿਨਿਯਮ ਜ਼ਾਬਤਾ, ਸੈਕਸ਼ਨ 2195 - 2199.1 ਵਿੱਚ ਹੈ ਅਤੇ ਇਹ ਏਥੇ ਉਪਲਬਧ ਹੈ:
https://ww2.arb.ca.gov/sites/default/files/barcu/regact/2021/hdim2021/hdi-mfroatta-1.pdf

## ਜੇ ਮੇਰੇ ਕੋਈ ਵਾਧੂ ਸਵਾਲ ਹੋਣ ਤਾਂ ਮੈਂ CARB ਨਾਲ ਕਿਵੇਂ ਸੰਪਰਕ ਕਰਾਂ?

ਕਿਰਪਾ ਕਰਕੇ ਅਮਲੇ ਨੂੰ ਇਸ ਪਤੇ 'ਤੇ ਈਮੇਲ ਕਰੋ: hdim@arb.ca.gov. ਅਸੀਂ ਆਮ ਤੌਰ 'ਤੇ ਤਿੰਨ ਤੋਂ ਪੰਜ ਕਾਰੋਬਾਰੀ ਦਿਨਾਂ ਦੇ ਅੰਦਰ ਜਵਾਬ ਦੇ ਦਿੰਦੇ ਹਾਂ।

i